Directorate Of Education, GNCT Of Delhi

Practice Paper (Mid-Term)

Session-2025-26

Class-ix

Subject- Punjabi (004)

Maximum Marks-80

Time - 3 hrs

ਆਮ ਨਿਰਦੇਸ਼

* ਸਾਰੇ ਪ੍ਰਸ਼ਨ ਲਾਜ਼ਮੀ ਹਨ।ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ।ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।

* ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

## ਭਾਗ ਪਹਿਲਾ

## ਪੜਨ ਕੌਸ਼ਲ (Part-1 Reading Skill)

ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6

**1.**ਲੰਡਨ ਬੜਾ ਭਾਰੀ ਸ਼ਹਿਰ ਹੈ, ਪਰ ਇੱਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ ਤਾਂ ਤੁਸੀਂ ਬਹੁਤ ਇਕੱਲੇ ਤੇ ਉਦਾਸੀ ਮਹਿਸੂਸ ਕਰ ਸਕਦੇ ਹੋ।ਅੰਗਰੇਜ਼ ਲੋਕ ਤਬੀਅਤ ਦੇ ਠੰਢੇ ਹਨ ਤੇ ਮਿਲਣਸਾਰ ਨਹੀਂ।ਗੁਆਂਢੀ, ਗੁਆਂਢੀ ਨੂੰ ਨਹੀਂ ਜਾਣਦਾ ਅਤੇ ਬਗ਼ੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ।ਬੱਸਾਂ, ਗੱਡੀਆਂ ਵਿੱਚ ਵੇਖੋ ਇਕ ਅੰਗਰੇਜ਼ ਦੂਸਰੇ ਨਾਲ ਗੱਲ ਨਹੀਂ ਕਰਦਾ ਅਤੇ ਹਰ ਇੱਕ ਦੇ ਮੂੰਹ ਅੱਗੇ ਅਖ਼ਬਾਰ ਹੁੰਦਾ ਹੈ।ਸਾਡੀ

ਪੰਜਾਬੀਆਂ ਦੀ ਇਕ-ਦੂਜੇ ਨਾਲ ਗੱਲ ਕਰਨ ਦੀ ਆਦਤ ਹੈ।ਸਾਨੂੰ ਇਕ-ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲੇ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ।ਦੂਸਰਾ ਇੱਥੋਂ ਦੀ ਆਬੋ-ਹਵਾ ਵੀ ਖ਼ਰਾਬ ਹੈ।ਕਈ ਮਹੀਨੇ ਤਾਂ

ਅਸਮਾਨ ਭਰੇ ਜਿਹੇ ਬੱਦਲਾਂ ਨਾਲ ਢੱਕਿਆ ਰਹਿੰਦਾ ਹੈ।ਸਿਆਲ ਵਿੱਚ ਬਹੁਤ ਧੁੰਦ ਹੁੰਦੀ ਹੈ।ਜਿਵੇਂ ਸਾਡੇ ਦੇਸ਼ ਵਿੱਚ ਹਨੇਰੀਆਂ ਆਉਂਦੀਆਂ ਹਨ ਇੱਥੇ ਉਵੇਂ ਹੀ ਸਿਆਲ ਵਿੱਚ ਠੰਢ ਹੁੰਦੀ ਹੈ।

1. ਲੰਡਨ ਵਿੱਚ ਜੇ ਕਿਸੇ ਦਾ ਦੋਸਤ ਨਾ ਹੋਵੇ ਤਾਂ ਉਹ ਕਿਸ ਤਰ੍ਹਾਂ ਮਹਿਸੂਸ ਕਰਦਾ ਹੈ?

((ੳ)) ਖੁਸ਼

(ਅ) ਇਕੱਲਾ ਤੇ ਉਦਾਸ

(ੲ) ਜੋਸ਼ੀਲਾ

(ਸ) ਉਤਸ਼ਾਹਿਤ

2. ਅੰਗਰੇਜ਼ ਲੋਕਾਂ ਦੀ ਤਬੀਅਤ ਕਿਹੋ ਜਿਹੀ ਦੱਸੀ ਗਈ ਹੈ?

(ੳ) ਗਰਮਜੋਸ਼

(ਅ)ਮਿਲਣਸਾਰ

(ੲ) ਠੰਢੇ ਤੇ ਗੈਰ-ਮਿਲਣਸਾਰ

(ਸ) ਦੋਸਤਾਨਾ

3. ਬੱਸਾਂ ਤੇ ਗੱਡੀਆਂ ਵਿੱਚ ਅੰਗਰੇਜ਼ ਲੋਕ ਆਮ ਤੌਰ 'ਤੇ ਕੀ ਕਰਦੇ ਹਨ?

(ੳ) ਗੱਲਬਾਤ ਕਰਦੇ ਹਨ

(ਅ) ਗਾਣੇ ਗਾਉਂਦੇ ਹਨ

(ੲ) ਚੁੱਪ ਰਹਿੰਦੇ ਹਨ ਤੇ ਅਖ਼ਬਾਰ ਪੜ੍ਹਦੇ ਹਨ

(ਸ) ਖਾਣ-ਪੀਣ ਕਰਦੇ ਹਨ

4. ਪੰਜਾਬੀਆਂ ਦੀ ਕਿਹੜੀ ਆਦਤ ਉਨ੍ਹਾਂ ਨੂੰ ਖੁਸ਼ ਰੱਖਦੀ ਹੈ?

(ੳ) ਇਕੱਲੇ ਰਹਿਣਾ

(ਅ) ਚੁੱਪ ਰਹਿਣਾ

(ੲ) ਇਕ-ਦੂਜੇ ਨਾਲ ਗੱਲਬਾਤ ਕਰਨਾ

(ਸ) ਕਿਤਾਬ ਪੜ੍ਹਨਾ

5. ਲੰਡਨ ਦੀ ਆਬੋ-ਹਵਾ ਬਾਰੇ ਕੀ ਕਿਹਾ ਗਿਆ ਹੈ?

(ੳ) ਸਾਫ਼ ਤੇ ਧੁੱਪਦਾਰ ਰਹਿੰਦੀ ਹੈ

(ਅ) ਕਈ ਮਹੀਨੇ ਬੱਦਲ ਛਾਏ ਰਹਿੰਦੇ ਹਨ

(ੲ) ਬਹੁਤ ਗਰਮੀ ਹੁੰਦੀ ਹੈ

(ਸ) ਹਮੇਸ਼ਾ ਮੀਂਹ ਪੈਂਦਾ ਹੈ

6. ਸਿਆਲ ਵਿੱਚ ਲੰਡਨ ਦਾ ਮੌਸਮ ਕਿਸ ਤਰ੍ਹਾਂ ਦਾ ਹੁੰਦਾ ਹੈ?

(ੳ) ਧੁੰਦਲਾ ਤੇ ਬਹੁਤ ਠੰਢਾ

(ਅ) ਗਰਮ ਤੇ ਸੁਹਾਵਣਾ

(ੲ) ਮੀਂਹ ਤੇ ਨਮੀ ਵਾਲਾ

(ਸ)ਹਵਾਦਾਰ ਤੇ ਸੁੱਕਾ

**2.** ਸੋਹਣੀ ਜ਼ਿੰਦਗੀ ਜਿਉਣ ਲਈ ਵਿੱਦਿਆ ਹੀ ਇੱਕ ਸਹਾਰਾ ਹੈ। 4x1=4

ਜੀਵਨ ਦੇ ਡੂੰਘੇ ਸਾਗਰਾਂ ਦਾ, ਵਿੱਦਿਆ ਨਾਲ ਪਾਰ ਉਤਾਰਾ ਹੈ।

ਨਿੱਤ ਬਦਲਦੀ ਦੁਨੀਆਂ ਵਿੱਚ,

ਰਿਸ਼ਤੇ ਤਾਂ ਨਿੱਤ ਬਦਲਦੇ ਨੇ ।

ਪਰ ਵਿੱਦਿਆ ਅਜਿਹਾ ਰਿਸ਼ਤਾ ਹੈ,

ਜੋ ਟੁੱਟਦਾ ਹੈ ਨਾ ਛੁੱਟਦਾ ਹੈ।

ਵਿੱਦਿਆ ਉਹ ਕੀਮਤੀ ਗਹਿਣਾ ਹੈ,
ਜੋ ਨਾ ਖੁੱਸਣਾ ਹੈ, ਨਾ ਲਹਿਣਾ ਹੈ,
ਜੋ ਇਸ ਨੂੰ ਪਾ ਲੈਂਦਾ ਹੈ, ਆਪਣਾ ਨਾਂ ਚਮਕਾ ਲੈਂਦਾ

1 ਵਿਦਿਆ ਨਾਲ ਕਿਸ ਨੂੰ ਪਾਰ ਕੀਤਾ ਜਾ ਸਕਦਾ ਹੈ?

2 ਹਰ ਰੋਜ਼ ਬਦਲਦੀ ਦੁਨੀਆਂ ਵਿੱਚ ਕਿਹੜੀ ਚੀਜ਼ ਬਦਲਦੀ ਹੈ?

3 ਵਿਦਿਆ ਨੂੰ ਕੀਮਤੀ ਗਹਿਣਾ ਕਿਉਂ ਕਿਹਾ ਗਿਆ ਹੈ?

4 ਕਿਸ ਦਾ ਜੀਵਨ ਸਫਲ ਹੁੰਦਾ ਹੈ?

ਭਾਗ-ਅ (ਵਿਆਕਰਨ)

**3.**ਵਿਰੋਧੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) । 2x1=2

(i) 'ਸੁੰਦਰ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।

ੳ) ਵਧੀਆ

ਅ) ਹਸੀਨ

ੲ) ਕੋਝਾ

ਸ) ਕਮਜ਼ੋਰ

ii) 'ਖਰਾ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।

ੳ) ਅਸਲੀ

ਅ) ਖੋਟਾ

ੲ) ਦਿਲਕਸ

ਸ) ਪਵਿੱਤਰ

(iii)'ਬਹਾਦਰ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ l

ੳ) ਵੀਰ

ੲ) ਤਾਕਤਵਰ

ਅ) ਦਲੇਰ

ਸ) ਡਰਪੋਕ

**4.**ਲਿੰਗ ਬਦਲੇ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ 2x1=2

(i)ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਕੁਕੜੀ' ਸ਼ਬਦ ਦਾ ਪੁਲਿੰਗ ਸ਼ਬਦ ਹੈ?

ੳ) ਕੁੱਕੜ

ਅ) ਮੱਕੜ

ੲ) ਤਕੜੀ

ਸ) ਕੱਕੜੀ

(ii)ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਮਾਮੀ' ਸ਼ਬਦ ਦਾ ਪੁਲਿੰਗ ਸ਼ਬਦ ਹੈ?

ੳ) ਮਾਸੜ

ਅ) ਫੁੱਫੜ

ੲ) ਮਾਮਾ

ਗ) ਮਾਸੀ

iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਸੇਵਾਦਾਰ' ਸ਼ਬਦ ਦਾ ਇਸਤਰੀ ਲਿੰਗ ਸ਼ਬਦ ਹੈ?

ੳ ) ਸੇਵਾਦਾਰੀ

ਅ) ਸੇਵਾਦਾਰਨੀ

ੲ) ਸੇਵਾਦਾਰਾ

ਸ) ਸੂਬੇਦਾਰ

**5.**ਵਿਸਮਿਕ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2

1 ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸੂਚਨਾ ਵਾਚਕ ਵਿਸਮਿਕ ਦਾ ਉਦਾਹਰਨ ਹੈ?

ੳ) ਠਹਿਰ ਜਰਾ

ਅ) ਕਾਸ਼

ੲ) ਆਓ ਜੀ

ਸ) ਸ਼ਾਬਾਸ਼

2 ਆਓ ਜੀ! ਧੰਨਭਾਗ ਜੀ! ਆਇਆਂ ਨੂੰ! ਕਿਸ ਕਿਸਮ ਦੇ ਵਿਸਮਿਕ ਹਨ?

ੳ) ਹੈਰਾਨੀ- ਵਾਚਕ ਵਿਸਮਿਕ

ਅ) ਅਸੀਸ- ਵਾਚਕ ਵਿਸਮਿਕ

ੲ) ਸਤਿਕਾਰ- ਵਾਚਕ ਵਿਸਮਿਕ

ਸ) ਇੱਛਾ- ਵਾਚਕ ਵਿਸਮਿਕ

3 ਇਹਨਾਂ ਵਿੱਚੋਂ ਵਿਸਮਿਕ ਚਿੰਨ੍ਹ ਕਿਹੜਾ ਹੈ?

ੳ):

ਅ) "

ੲ)?

ਸ)!

**6.**ਸ਼ਬਦ ਸ਼ੁੱਧੀ 2x1=2

ਹੇਠ ਦਿੱਤੇ ਵਾਕਾਂ ਵਿੱਚੋਂ ਲਕੀਰੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ (ਕੋਈ ਦੋ)

1. ਮੈਂ ਰੋਜ਼ **ਮਨਦਰ** ਜਾਂਦਾ ਹਾਂ ।
2. ਔਰਤਾਂ ਦਾ **ਸਤਕਾਰ** ਕਰੋ ।
3. ਮੈਂ ਕੱਲ **ਸ਼ਹਰ** ਜਾਣਾ ਹੈ ।

**7.** ਕਿਰਿਆ (ਛੋਟੇ ਉੱਤਰ ਵਾਲੇ ਪ੍ਰਸ਼ਨ) (ਕੋਈ ਦੋ) 2x1=2

1.ਕਿਰਿਆ ਕਿਸਨੂੰ ਆਖਦੇ ਹਨ?

2.ਸਕਰਮਕ ਕਿਰਿਆ ਕਿਸਨੂੰ ਆਖਦੇ ਹਨ?

3.ਅਕਰਮਕ ਕਿਰਿਆ ਦੀ ਕੋਈ ਇੱਕ ਉਦਾਹਰਨ ਲਿਖੋ?

**8**.ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿਚ ਵਰਤ ਕੇ ਅਰਥ ਸਪਸ਼ਟ ਕਰੋ। 2x1=2

ਉੱਲੂ ਸਿੱਧਾ ਕਰਨਾ, ਅੱਤ ਚੁੱਕਣਾ, ਇੱਕ ਰੰਗ ਆਉਣਾ ਇੱਕ ਰੰਗ ਜਾਣਾ, ਸਾਹ ਵਿੱਚ ਸਾਹ ਆਉਣਾ

ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)

**9.**ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।

(i) ਮੇਰੇ ਜੀਵਨ ਦਾ ਉਦੇਸ਼ 1x8=8

(ਭੂਮਿਕਾ, ਉਦੇਸ਼ਹੀਣ ਵਿਦਿਆਰਥੀ, ਮੇਰਾ ਡਾਕਟਰ ਬਣਨ ਦਾ ਉਦੇਸ਼, ਮੈਡੀਕਲ ਵਿਸ਼ਿਆਂ ਵਿੱਚ ਬਾਰਵੀਂ ਕਰਨੀ, ਮੇਰਾ ਉਦੇਸ਼ ਇੱਕ ਡਾਕਟਰ ਬਣਨਾ ਕਿਉਂ, ਇਮਾਨਦਾਰ ਡਾਕਟਰਾਂ ਦੀ ਸਮਾਜ ਨੂੰ ਲੋੜ, ਡਾਕਟਰ ਬਣ ਕੇ ਮੈਂ ਕੀ ਕਰਨਾ ਹੈ, ਸਿੱਟਾ)

(ii)ਸਾਡੀਆਂ ਸਮਾਜਿਕ ਬੁਰਾਈਆਂ

(ਭੂਮਿਕਾ, ਸਮਾਜਿਕ ਬੁਰਾਈਆਂ ਦੀ ਪੈਦਾਇਸ਼, ਛੂਤ- ਛਾਤ, ਔਰਤਾਂ ਨੂੰ ਘਟੀਆ ਸਮਝਣਾ, ਦਾਜ- ਦਹੇਜ, ਵਿਆਹ- ਸ਼ਾਦੀ ਸਮੇਂ ਦੀਆਂ ਕੁਰੀਤੀਆਂ, ਭਰੂਣ ਹੱਤਿਆ, ਸਿੱਟਾ)

(iii)ਸਵੱਛ ਭਾਰਤ

(ਭੂਮਿਕਾ, ਸਵੱਛ ਭਾਰਤ ਅਭਿਆਨ ਦੀ ਸ਼ੁਰੂਆਤ, ਮਨੁੱਖੀ ਜੀਵਨ ਵਿੱਚ ਸਫਾਈ ਦਾ ਮਹੱਤਵ, ਸਵੱਛ ਭਾਰਤ ਯੋਜਨਾ ਤਹਿਤ ਕੀਤੇ ਜਾਣ ਵਾਲੇ ਉਪਰਾਲੇ, ਪਖਾਨਿਆਂ ਦੀ ਵਰਤੋਂ ਤੇ ਜ਼ੋਰ , ਪਾਣੀ ਅਤੇ ਵਾਤਾਵਰਨ ਦੀ ਸੰਭਾਲ, ਜੰਗਲਾਂ ਤੇ ਰੁੱਖਾਂ ਦੀ ਸੰਭਾਲ ਸਿੱਟਾ)

**10** (i)ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਆਚਰਨ ਸਰਟੀਫਿਕੇਟ ਲੈਣ ਲਈ ਬਿਨੈ ਪੱਤਰ ਲਿਖੋ

1x6=6

(ਸੰਬੋਧਨੀ ਭਾਗ.... ਸਕੂਲ ਦਾ ਵਿਦਿਆਰਥੀ... ਪਿਤਾ ਜੀ ਦੀ ਬਦਲੀ...... ਸਾਰੇ ਪਰਿਵਾਰ ਦਾ ਜਾਣਾ...... ਮਜਬੂਰੀ ਵਿੱਚ ਸਕੂਲ ਛੱਡਣਾ.......)

(ii)ਮਿੱਤਰ ਦੇ ਮਾਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਅਫਸੋਸ ਦੀ ਚਿੱਠੀ ਲਿਖੋ

(ਮਾਤਾ ਜੀ ਦੇ ਸਵਰਗਵਾਸ ਹੋਣ ਦੀ ਖਬਰ..... ਬਹੁਤ ਦੁੱਖ..... ਅਜੇ ਬਚਪਨ ਹੰਢਾ ਰਹੇ ਹੋ...... ਬਹੁਤ ਮੁਸ਼ਕਿਲ.... ਪਰਮਾਤਮਾ ਆਤਮਾ ਨੂੰ ਸ਼ਾਂਤੀ....)

**11.** ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ 1x4=4



ਨੋਟ-ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ ਨੇਤਰਹੀਣ ਵਿਦਿਆਰਥੀਆਂ ਲਈ ਹੈ।

ਸਾਫ ਸਫਾਈ ਦੇ ਕੀ ਲਾਭ ਹਨ? ਇਸ ਬਾਰੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ

ਭਾਗ ਸ (ਪਾਠ- ਪੁਸਤਕ ਤੇ ਅਧਾਰਤ ਪ੍ਰਸ਼ਨ)

**12** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) 5x1=5

1) ਜਨਮ ਦਿਨ ਕਹਾਣੀ ਦਾ ਲੇਖਕ ਕੌਣ ਹੈ ?

ੳ) ਸੰਤੋਖ ਸਿੰਘ

ਅ) ਨਵਤੇਜ ਸਿੰਘ

ਏ) ਸਵਿੰਦਰ ਸਿੰਘ ਉੱਪਲ

ਸ) ਨੌਰੰਗ ਸਿੰਘ

2) ਦਸ ਵਿਘੇ ਜਮੀਨ ਕਿਸ ਨੇ ਗਹਿਣੇ ਰੱਖੀ ?

ੳ) ਕਪੂਰ ਸਿੰਘ ਨੇ

ਅ) ਰਾਮ ਸਿੰਘ ਨੇ

ੲ) ਨਾਹਰ ਸਿੰਘ ਨੇ

ਸ) ਚੰਨਣ ਚੀਨੀਏ ਨੇ

3) ਜਦੋਂ ਤਾਇਆ ਲੇਖਕ ਨੂੰ ਮਿਲਣ ਆਇਆ ਤਾਂ ਉਹ ਹੱਥ ਵਿੱਚ ਆਪਣਾ ਕੀ ਫੜ ਕੇ ਬੈਠਾ ਸੀ?

ੳ) ਨੱਕ

ਅ) ਨਬਜ਼

ੲ) ਸਿਰ

ਸ) ਮੱਥਾ

4) ਲੇਖਕ ਨੂੰ ਕੋਠੇ ਤੇ ਖੜੋ ਕੇ ਆਪਣੇ ਘਰ ਦਾ ਕੀ ਨਜ਼ਰ ਆਇਆ?

ੳ) ਡਿਓੜੀ

ਅ) ਕਮਰਾ

ੲ) ਬਾਥਰੂਮ

ਸ) ਰਸੋਈ

5) ਲਖਪਤ ਰਾਏ ਕਿਹੋ ਜਿਹਾ ਇਨਸਾਨ ਸੀ?

ੳ) ਗਰੀਬ

ਅ) ਮੂਰਖ

ੲ) ਸੁਆਰਥੀ

ਸ) ਨੇਕ

6) ਮਾਂਦਰੀ ਨੇ ਤਾਏ ਨੂੰ ਉਸ ਦਾ ਕੀ ਨਾਂ ਹੋਣ ਬਾਰੇ ਕਿਹਾ?

ੳ) ਸਿਰ

ਅ) ਅੱਖਾਂ

ੲ) ਦਿਲ

ਸ) ਮੂੰਹ

**13** ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)।

5x1=5

1 ਕਵੀ ਮਨੁੱਖ ਨੂੰ ਸਮੇਂ ਦਾ ਕੀ ਕਰਨ ਲਈ ਆਖਦਾ ਹੈ ?

ੳ) ਚੰਗੀ ਵਰਤੋਂ

ਅ) ਮਾੜੀ ਵਰਤੋਂ

ੲ) ਵੇਹਲੇ ਰਹਿਣਾ

ਸ) ਸਮੇਂ ਦੀ ਪਰਵਾਹ ਨਾ ਕਰਨਾ

2 ਭਲਵਾਨ ਕਿੱਥੇ ਗੱਜਦੇ ਵਿਖਾਈ ਦੇਦੇ ਹਨ?

ੳ) ਦੁਕਾਨ ਤੇ

ਅ) ਸਟੇਜ ਤੇ

ੲ) ਛਿੰਝ ਵਿੱਚ

ਸ) ਬਾਜ਼ਾਰ ਵਿੱਚ

3 ਮੈਂ ਪੰਜਾਬੀ ਕਵਿਤਾ ਕਿਸ ਦੀ ਲਿਖੀ ਹੋਈ ਹੈ?

ੳ) ਅੰਮ੍ਰਿਤਾ ਪ੍ਰੀਤਮ

ਅ) ਦੀਵਾਨ ਸਿੰਘ ਕਾਲੇਪਾਣੀ

ੲ) ਭਾਈ ਵੀਰ ਸਿੰਘ

ਸ) ਫ਼ੀਰੋਜ਼ਦੀਨ ਸ਼ਰਫ

4 ਮੌਨਧਾਰੀ ਮਹਾਤਮਾ ਕੋਲ ਕਿਹੜਾ ਹਥਿਆਰ ਹੁੰਦਾ ਹੈ?

ੳ) ਤਲਵਾਰ

ਅ) ਗੰਡਾਸਾ

ੲ) ਚਾਕੂ

ਸ) ਰਿਵਾਲਵਰ

5 ਮੇਲੇ ਵਿੱਚ ਮੰਡੀ ਕਿਹੋ ਜਿਹੇ ਗਹਿਣਿਆਂ ਦੀ ਲੱਗੀ ਹੋਈ ਹੈ?

ੳ) ਅਸਲੀ

ਅ) ਚਾਂਦੀ ਦੇ

ੲ) ਬਨਾਉਟੀ

ਸ) ਸੋਨੇ ਦੇ

6 ਸਾਧੂ ਦਾ ਜੋਟੀਦਾਰ ਕੌਣ ਸੀ ?

ੳ) ਮੌਨਧਾਰੀ

ਅ) ਹਰੀ ਚੰਦ

ੲ) ਮਦਨ ਲਾਲ

ਸ) ਕਿਸ਼ੋਰ ਚੰਦ

**14** ਕਵਿਤਾ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)

4x1=4

1) ਅੰਗਰੇਜ਼ੀ ਸਕੂਲ ਵਿੱਚ ਜੋਤੀ ਨੂੰ ਦਾਖਲ ਕਰਵਾਉਣ ਲਈ ਜੁਗਲ ਪ੍ਰਸਾਦ ਨੇ ਕਿੰਨੀ ਦਾਖਲਾ ਫੀਸ ਦਿੱਤੀ?

2) ਦਰਬਾਰੇ ਨੂੰ ਕਿਹੜੀ ਬਿਮਾਰੀ ਨੇ ਜਕੜ ਲਿਆ ਸੀ?

3) ਵਹਿਮ ਦਾ ਕੀ ਨਹੀਂ ਹੁੰਦਾ?

4) ਬੁੱਢੇ ਦੋਸਤ ਮੁਹੰਮਦ ਦੀ ਕਿਹੜੀ ਚੀਜ਼ ਲੇਖਕ ਦੇ ਪਿਤਾ ਨਾਲ ਮਿਲਦੀ ਸੀ?

5) ਆਪਣੇ ਬਾਕੀ ਦੇ ਧੀਆਂ ਪੁੱਤਰਾਂ ਨੂੰ ਜੁਗਲ ਪ੍ਰਸ਼ਾਦ ਕਿਸ ਵਾਂਗ ਬਣਨ ਦੀ ਪ੍ਰੇਰਨਾ ਦਿੰਦਾ ਸੀ?

**15** ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ)

7x2=14

1 )ਅੰਗਰੇਜ਼ੀ ਸਕੂਲ ਵਿੱਚ ਜੋਤੀ ਨੂੰ ਦਾਖਲ ਕਰਵਾ ਕੇ ਜੁਗਲ ਪ੍ਰਸਾਦ ਕੀ ਸੋਚਦਾ ਸੀ?

2 )ਜਦੋਂ ਦਰਬਾਰਾ ਕਿਸੇ ਵੀ ਗੱਲ ਤੇ ਨਹੀਂ ਸੀ ਆ ਰਿਹਾ ਤਾਂ ਕਪੂਰ ਸਿੰਘ ਨੇ ਕੀ ਕਿਹਾ?

3 )ਤਾਏ ਵੱਲੋਂ ਕੁੱਤੇ ਦੀ ਪੂਛ ਤੇ ਪੈਰ ਆਉਣ ਤੇ ਟੀਕੇ ਕਿਉਂ ਲਗਾਏ?

4 )ਡੇਰੇ ਵਿੱਚ ਲੇਖਕ ਨੇ ਕੀ ਕੀ ਵੇਖਿਆ ?

5 )ਕਿਸ਼ੋਰ ਅਖਬਾਰ ਦੀ ਕਿਹੜੀ ਖਬਰ ਹਰੀ ਚੰਦ ਨੂੰ ਦੱਸਦਾ ਹੈ?

6 )ਜੁਗਲ ਪ੍ਰਸਾਦ ਨੂੰ ਨਾਗਰਿਕ ਸਭਾ ਦੇ ਦਫਤਰ ਵਿੱਚੋਂ ਨਿਮੰਤਰਣ- ਪੱਤਰ ਕਿਉਂ ਨਾ ਮਿਲ ਸਕਿਆ?

7 )ਤਾਇਆ ਮਨਸਾ ਰਾਮ ਦੇ ਕੋਈ ਦੋ ਦਿਲਚਸਪ ਵਹਿਮਾਂ ਬਾਰੇ ਦੱਸੋ?

8 )ਮਦਨ ਲਾਲ ਕਿਸ ਪਰੇਸ਼ਾਨੀ ਵਿੱਚ ਆਪਣੀ ਮਾਸੀ ਦੇ ਘਰ ਆਉਂਦਾ ਹੈ?

**16** ਕਵਿਤਾ ਤੇ ਵਾਰਤਕ ਵਿੱਚੋਂ ( ਉੱਤਰ 50-60 ਸ਼ਬਦਾਂ ਵਿੱਚ ਦਿਓ) 2x4=8

1 ਸਮਾਂ ਕਵਿਤਾ ਵਿੱਚ ਲੇਖਕ ਨੇ ਕੀ ਵਿਚਾਰ ਪੇਸ਼ ਕੀਤੇ ਹਨ?

ਜਾਂ

ਮੇਲੇ ਵਿੱਚ ਕੀ ਕੀ ਵੇਖਣ ਨੂੰ ਮਿਲਦਾ ਹੈ

2 ਵਹਿਮੀ ਤਾਇਆ ਲੇਖ ਦਾ ਕੀ ਉਦੇਸ਼ ਹੈ? ਢੁਕਵਾਂ ਉੱਤਰ ਦਿਓ ।

ਜਾਂ

ਲੇਖਕ ਨੇ ਆਪਣੀ ਗਲ਼ੀ ਦਾ ਜੋ ਨਕਸ਼ਾ ਖਿੱਚਿਆ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ?

**17.** ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50- 60 ਸ਼ਬਦਾਂ ਵਿੱਚ ਦਿਓ) 1x4=4

1 ਮੌਨਧਾਰੀ ਇਕਾਂਗੀ ਦੇ ਵਿਸ਼ੇ ਜਾਂ ਸਮੱਸਿਆ ਬਾਰੇ ਜਾਣਕਾਰੀ ਦਿਓ?

ਜਾਂ

ਸਾਧੂ ਹਰੀ ਚੰਦ ਨਾਲ ਕੀ- ਕੀ ਗੱਲਾਂ ਕਰਦੇ ਹਨ